# ਪਾਪੀ ਕੇ ਮਾਰਨੇ ਕੋ ਪਾਪ ਮਹਾਂ ਬਲੀ ਹੈ

ਸਾਡੀ ਧਰਤੀ ਦੇ ਅੰਦਰ ਅਨੇਕਾਂ ਕਿਸਮ ਦੇ ਤੱਤ (elements) ਹਨ। ਇਨ੍ਹਾਂ ਤੱਤਾਂ ਦੇ ਇਕ ਦੂਜੇ ਨਾਲ ਮਿਲ ਕੇ ਕਈ ਹੋਰ ਮਿਲਗੋਭੇ ਤੱਤ (complex elements) ਬਣਦੇ ਰਹਿੰਦੇ ਹਨ। ਇਸ ਤਰ੍ਹਾਂ ਅਨੇਕਾਂ ਕਿਸਮਾਂ ਦੇ ਮਿਲਗੋਭੇ ਤੱਤ ਜਦ ਆਪਸ ਵਿਚ ਹੀ ਰਗੜ ਖਾਂਦੇ ਹਨ, ਤਾਂ ਇਨ੍ਹਾਂ ਵਿਚੋਂ ਅਗਨੀ ਪੈਦਾ ਹੁੰਦੀ ਹੈ। ਇਨ੍ਹਾਂ ਸਮੁੱਚੇ ਤੱਤਾਂ ਦੀ ਮਘਾਈ ਹੋਈ 'ਅੱਗ' ਵੱਧਦੀ-ਵੱਧਦੀ, ਰਿੱਝਦੀ-ਰਿੱਝਦੀ ਬਹੁਤ ਵੱਡਾ ਭਾਂਬੜ ਬਣ ਜਾਂਦੀ ਹੈ। ਜੋ ਚੀਜ਼ ਵੀ ਇਸ ਭਾਂਬੜ ਦੀ ਲਪੇਟ ਵਿਚ ਆ ਜਾਵੇ, ਉਸ ਨੂੰ ਭੀ ਢਾਲ ਕੇ ਅਗਨੀ-ਰੂਪ 'ਲਾਵਾ' ਹੀ ਬਣਾ ਦੇਂਦੀ ਹੈ। ਜਦ ਵੀ ਇਸ ਭਾਂਬੜ ਵਿਚ ਨਵਾਂ ਤੱਤ ਆ ਮਿਲਦਾ ਹੈ, ਤਾਂ ਇਸ ਵਿਚੋਂ ਧਮਾਕਾ ਨਿਕਲਦਾ ਹੈ ਤੇ ਧਰਤੀ ਹਿਲਦੀ ਹੈ, ਜਿਸ ਨੂੰ 'ਭੁਚਾਲ' ਆਖਦੇ ਹਾਂ। ਇਹ ਅਤਿਅੰਤ ਵੱਡੀ ਅਗਨ ਦੀ 'ਭੱਠੀ' ਜਦ ਆਪਣੇ ਆਪ ਵਿਚ ਨਹੀਂ ਸਮਾਉਂਦੀ ਤੇ ਧਰਤੀ ਤੋਂ ਬਾਹਰ ਉਬਲ ਕੇ, ਉੱਛਲ ਆਉਂਦੀ ਹੈ, ਤਾਂ ਇਸ ਨੂੰ 'ਜਵਾਲਾਮੁਖੀ ਦਾ ਫਟਣਾ' (eruption of volcano) ਆਖਦੇ ਹਨ। ਇਹੋ ਜਿਹੇ ਜਵਾਲਾਮੁਖੀ ਦੇ ਧਮਾਕੇ ਤੇ ਉਬਾਲ ਹੁੰਦੇ ਰਹਿੰਦੇ ਹਨ, ਜਿਸ ਨਾਲ ਅਤਿਅੰਤ ਤਬਾਹੀ ਹੁੰਦੀ ਹੈ। ਇਹ ਧਰਤੀ ਵਿਚਲੀ ਅਗਨੀ ਦਾ ਭਾਂਬੜ ਬੜੇ ਲੰਮੇ ਅਰਸੇ ਤਾਈਂ ਧਰਤੀ ਦੇ ਅੰਦਰ ਹੀ ਮੱਘਦਾ ਤੇ ਰਿੱਝਦਾ ਰਹਿੰਦਾ ਹੈ, ਤੇ ਅੰਤ ਵਿਚ ਧਰਤੀ ਤੋਂ ਬਾਹਰ ਫੁਟ ਕੇ ਬੇਅੰਤ ਤਬਾਹੀ ਦਾ ਕਾਰਣ ਬਣਦਾ ਹੈ।

ਇਸੇ ਤਰ੍ਹਾਂ ਧਰਤੀ ਦੇ ਉਪਰ ਵੀ ਕਈ ਤੱਤ ਕੰਮ ਕਰਦੇ ਹਨ, ਤੇ ਇਨ੍ਹਾਂ ਤੱਤਾਂ ਦੇ ਮੇਲ ਤੋਂ ਅਨੇਕਾਂ ਵਿਰੋਧੀ ਤੱਤ (cross-currents) ਉਪਜਦੇ ਹਨ, ਜਿਸ ਤੋਂ ਕਈ ਕਿਸਮ ਦੇ ਕੁਦਰਤੀ ਭਉਜਲ (calamity) ਵਰਤਦੇ ਹਨ, ਜਿਹਾ ਕਿ — ਹਨੇਰੀਆਂ, ਤੂਫਾਨ, ਹੜ੍ਹ, ਗੜ੍ਹੇ ਆਦਿ। ਇਹ ਵੀ ਅਤਿਅੰਤ ਤਬਾਹੀ ਦਾ ਕਾਰਨ ਬਣਦੇ ਹਨ।

ਅਕਾਸ਼ ਵਿਚ ਵੀ ਕਈ ਕਿਸਮ ਦੇ ਤੱਤਾਂ ਦੇ ਕਿਸੇ ਖਾਸ ਡਿਗਰੀ ਤੇ, ਮੇਲ ਹੋਣ ਨਾਲ ਬੇਅੰਤ ਤਾਕਤ ਦੀ ਬਿਜਲੀ ਪੈਦਾ ਹੋ ਕੇ ਗਰਜਦੀ ਹੈ, ਤੇ ਖਿਨ ਵਿਚ ਆਪਣਾ ਚਮਤਕਾਰ ਦਿਖਾ ਕੇ ਅਲੋਪ ਹੋ ਜਾਂਦੀ ਹੈ।

"ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ" (ਪੰਨਾ-੬੯5) ਦੇ ਗੁਰਵਾਕ ਅਨੁਸਾਰ ਜੋ ਕੁਝ ਬਾਹਰ ਕੁਦਰਤੀ ਕੌਤਕ ਜਾਂ ਭਉਜਲ ਵਰਤਦੇ ਹਨ, ਉਸੇ ਤਰ੍ਹਾਂ ਸਾਡੇ ਅੰਦਰ 'ਮਨ ਦੀ ਦੁਨੀਆਂ' ਵਿਚ ਸਦਾ ਹੀ ਮਾਨਸਿਕ ਰੋਲ ਘਚੋਲਾ ਅਥਵਾ ਭੜਥੂ ਪਿਆ ਰਹਿੰਦਾ ਹੈ। ਬਹਰਲੇ ਭਉਜਲਾਂ ਦਾ ਕਾਰਨ ਤਾਂ ਕੁਦਰਤੀ ਤੱਤਾਂ ਦੇ ਮੇਲ ਤੋਂ ਹੁੰਦਾ ਹੈ, ਪਰ ਸਾਡੀ ਮਾਨਸਿਕ ਦੁਨੀਆਂ ਦੇ ਭੜਥੂ ਅਥਵਾ ਰੋਲ-ਘਚੋਲੇ ਦਾ ਕਾਰਨ ਸਾਡੇ ਆਪਣੇ ਨੀਵੇਂ

ਖਿਆਲ ਹੀ ਹਨ।

ਸਾਡੇ ਮਨ ਵਿਚ ਤਿੰਨ ਕਿਸਮਾਂ ਦੇ ਖਿਆਲ ਉਪਜਦੇ ਹਨ—

1. ਦੈਵੀ ਜਾਂ ਉਤਮ ਭਗਤੀ ਵਾਲੇ ਖਿਆਲ
2. ਨਿਰਪੱਖ ਖਿਆਲ
3. ਨੀਵੇਂ ਗਿਲਾਨੀ ਵਾਲੇ ਖਿਆਲ

ਇਨ੍ਹਾਂ ਖਿਆਲਾਂ ਦੇ ਉਪਜਣ ਦੇ ਕਈ ਕਾਰਨ ਹਨ, ਜਿਵੇਂ ਕਿ—

ਸਾਧ ਸੰਗਤ ਕਰਦਿਆਂ ਉਤਮ ਖਿਆਲ ਉਪਜਦੇ ਹਨ।

ਕੁਸੰਗਤ ਕਰਦਿਆਂ ਨੀਵੇਂ ਖਿਆਲ ਉਪਜਦੇ ਹਨ।

ਪਿਛਲੇ ਸੰਸਕਾਰਾਂ ਦਾ ਵੀ ਸਾਡੇ ਖਿਆਲਾਂ ਤੇ ਅਸਰ ਪੈਂਦਾ ਹੈ।

ਪਿਛਲੇ ਸੰਸਕਾਰ ਤਾਂ ਸਾਡੇ ਵਸ ਵਿਚ ਨਹੀਂ ਹਨ, ਪਰ ਜਿਉਂ-ਜਿਉਂ ਅਸੀਂ ਸਤਸੰਗਤ ਕਰਦੇ ਜਾਵਾਂਗੇ, ਸ਼ੁਭ ਉਤਮ ਭਾਵ ਵਾਲੇ ਖਿਆਲਾਂ ਦੀ ਬਹੁਲਤਾ ਨਾਲ ਸਹਿਜੇ-ਸਹਿਜੇ ਸਾਡੇ ਸੰਸਕਾਰ ਵੀ ਬਦਲ ਸਕਦੇ ਹਨ।

ਇਹ ਗੱਲ ਦ੍ਰਿੜ ਕਰਨ ਵਾਲੀ ਹੈ, ਕਿ ਸਾਡੇ ਮਨ ਦੇ ਖਿਆਲ ਜਾਂ ਭਾਵਨਾ ਹੀ ਮੁੱਢਲਾ ਕਾਰਨ ਜਾਂ ਬੀਜ ਹਨ, ਜੋ ਸਾਡੇ ਜੀਵਨ ਨੂੰ—

| | | |
|---|---|---|
| ਸੁਖਦਾਈ | ਯਾ | ਦੁਖਦਾਈ |
| ਕਾਮਯਾਬ | ਯਾ | ਨਿਸ਼ਫਲ |
| ਨੇਕ | ਯਾ | ਬਦ |
| ਪਰਮਾਰਥੀ | ਯਾ | ਮਾਇਕੀ |
| ਸ਼ਾਂਤ | ਯਾ | ਅਸ਼ਾਂਤ |
| ਪ੍ਰੇਮ-ਮਈ | ਯਾ | ਫੋਕਾ |
| ਸੁਰਗ | ਯਾ | ਨਰਕ |
| ਨਿਰਮਲ | ਯਾ | ਮਲੀਨ |
| ਆਸਤਿਕ | ਯਾ | ਨਾਸਤਿਕ |
| ਗੁਰਮੁਖ | ਯਾ | ਮਨਮੁਖ |

ਬਣਾਉਣ ਦੇ ਸਮਰੱਥ ਹਨ। ਇਸੇ ਲਈ ਗੁਰਬਾਣੀ ਵਿਚ ਸਾਨੂੰ ਕੁਸੰਗਤ ਤੋਂ ਬਚਣ ਦਾ ਤਾਕੀਦੀ ਹੁਕਮ ਹੈ—

ਤੇ ਸਕਤ ਚੋਰ ਜਿਨਾ ਨਾਮੁ ਵਿਸਾਰਿਆ

ਮਨ ਤਿਨ ਕੈ ਨਿਕਟਿ ਨ ਭਿਟੀਐ ॥ (ਪੰਨਾ-੧੭ )

ਦੂਜੇ ਭਾਇ ਦੁਸਟਾ ਕਾ ਵਾਸਾ ॥
ਭਉਦੇ ਫਿਰਹਿ ਬਹੁ ਮੋਹ ਪਿਆਸਾ ॥
ਕੁਸੰਗਤਿ ਬਹਹਿ ਸਦਾ ਦੁਖੁ ਪਾਵਹਿ ਦੁਖੋ ਦੁਖੁ ਕਮਾਇਆ ॥ (ਪੰਨਾ-੧੬8)

ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ ॥ (ਪੰਨਾ-੧੧੨)

ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ ॥
ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ ॥ (ਪੰਨਾ-੧੩੬੯)

ਕਬੀਰ ਸਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ ॥
ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ ॥ (ਪੰਨਾ-੧੩੭੧)

ਦੂਜੇ ਪਾਸੇ ਉਤਮ ਦੈਵੀ ਸੰਗਤ ਕਰਨ ਦੀ ਤਾਕੀਦੀ ਪ੍ਰੇਰਨਾ ਕੀਤੀ ਗਈ ਹੈ—

ਸਾਧੂ ਸੰਗੁ ਕਰਹੁ ਸਭੁ ਕੋਇ ॥
ਸਦਾ ਕਲਿਆਣ ਫਿਰਿ ਦੂਖੁ ਨ ਹੋਇ ॥ (ਪੰਨਾ-੧੯੬)

ਜੀਤਿ ਜਨਮੁ ਇਹੁ ਰਤਨੁ ਅਮੋਲਕੁ ਸਾਧਸੰਗਤਿ ਜਪਿ ਇਕ ਖਿਨਾ ॥
(ਪੰਨਾ-੨੧ )

ਮਹਾ ਪਵਿਤ੍ਰ ਸਾਧ ਕਾ ਸੰਗੁ ॥
ਜਿਸੁ ਭੇਟਤ ਲਾਗੈ ਪ੍ਰਭ ਰੰਗੁ ॥ (ਪੰਨਾ-੩੯੩)

ਨਾਨਕ ਪਤਿਤ ਪਵਿਤ ਮਿਲਿ ਸੰਗਤਿ ਗੁਰ ਸਤਿਗੁਰ ਪਾਛੈ ਛੁਕਟੀ ॥
(ਪੰਨਾ-5੨8)

ਸਾਧ ਸੰਗਿ ਮਿਲਿ ਨਾਮੁ ਧਿਆਵਹੁ ਪੂਰਨ ਹੋਵੈ ਘਾਲਾ ॥ (ਪੰਨਾ-੬੧੭)

ਸਾਧ ਸੰਗਤ ਕਰਦਿਆਂ ਹੋਇਆਂ ਨਾ ਸਿਰਫ਼ ਪਿਛਲੇ ਸੰਸਕਾਰ ਹੀ ਬਦਲ ਸਕਦੇ ਹਨ, ਬਲਕਿ ਨੀਵੇਂ ਖਿਆਲਾਂ ਦੀ ਰੁਚੀ ਭੀ ਸਹਿਜੇ-ਸਹਿਜੇ ਮਿਟ ਜਾਂਦੀ ਹੈ। ਸਤਸੰਗਤ ਵਿਚ ਉਤਮ ਦੈਵੀ ਗੁਣਾਂ ਨੂੰ ਗ੍ਰਹਿਣ ਕਰਦੇ ਹੋਏ, ਸੋਹਣੇ ਭਾਵਾਂ ਵਾਲੇ ਆਕਾਸ਼ਾਂ ਦੀਆਂ ਉਡਾਰੀਆਂ ਲਾਉਂਦੇ ਹੋਏ, 'ਪ੍ਰੀਤ ਪ੍ਰੇਮ ਰਸ ਚਾਉ' ਦੇ ਉੱਚੇ-ਸੁੱਚੇ ਆਤਮਿਕ ਮੰਡਲਾਂ ਵਿਚ ਦਾਖਲ ਹੋਈਦਾ ਹੈ, ਜਿਥੇ ਨੀਵੀਆਂ ਬਿਰਤੀਆਂ ਜਾਂ ਮਲੀਨ ਖਿਆਲਾਂ ਲਈ ਕੋਈ ਥਾਂ ਨਹੀਂ ਹੈ। ਪਰ ਇਹ ਖੇਲ ਕਠਿਨ ਹੈ ਤੇ ਇਸ ਨੂੰ ਕਿਸੇ ਵਿਰਲੇ ਨੇ ਹੀ ਜਾਣਿਆ, ਕਮਾਇਆ ਅਤੇ ਮਾਣਿਆ ਹੈ।

ਦੁਨੀਆਂ ਵਿਚ ਜੋ ਕੁਝ ਉਪਜਿਆ ਹੈ, ਸਭ ਪਹਿਲਾਂ ਸੂਖਮ ਦੇਸ ਵਿਚੋਂ ਉਪਜਦਾ ਹੈ

ਤੇ ਫਿਰ ਸਥੂਲ ਰੂਪ ਧਾਰਦਾ ਹੈ। ਸੂਖਮ ਅਕਾਲ ਪੁਰਖ ਵਿਚੋਂ ਸੂਖਮ 'ਕਵਾਉ' ਜਾਂ 'ਹੁਕਮ' ਉਪਜਿਆ, ਤਾਂ ਸਾਰੀ ਸਥੂਲ ਸ੍ਰਿਸਟੀ ਪ੍ਰਗਟ ਹੋਈ।

ਇਸੇ ਤਰ੍ਹਾਂ ਜਦ ਸਾਡੇ ਖਿਆਲ ਵਿਚ ਕੋਈ ਸੰਕਲਪ ਉਠਦਾ ਹੈ, ਤਾਂ ਉਹ ਸਾਡੇ ਕਰਮਾਂ ਦੁਆਰਾ ਰੂਪਮਾਨ ਹੋ ਕੇ ਸਾਡੇ ਸਾਹਮਣੇ ਦ੍ਰਿਸ਼ਟਮਾਨ ਹੋ ਜਾਂਦਾ ਹੈ, ਉਦਾਹਰਨ ਵਜੋਂ, ਘਰ ਬਣਾਉਣ ਤੋਂ ਪਹਿਲਾਂ ਉਸ ਦਾ ਨਕਸ਼ਾ ਸਾਡੇ ਖਿਆਲ ਅਥਵਾ ਦਿਮਾਗ ਵਿਚ ਆਉਂਦਾ ਹੈ, ਫਿਰ ਉਹ ਸਹਿਜੇ-ਸਹਿਜੇ ਰੂਪਮਾਨ ਹੋ ਜਾਂਦਾ ਹੈ।

ਇਸ ਲਈ ਸਾਡੇ ਖਿਆਲ, ਸੰਕਲਪ-ਵਿਕਲਪ ਬੜੇ ਸ਼ਕਤੀਮਾਨ ਹਨ। ਇਨ੍ਹਾਂ ਖਿਆਲਾਂ ਦੇ ਪਿਛੇ ਸਾਡੇ ਵਲਵਲਿਆਂ ਦੀ ਤੀਖਣਤਾ (intensity) ਅਨੁਸਾਰ ਇਸ ਦੀ ਸ਼ਕਤੀ ਵੱਧਦੀ-ਘਟਦੀ ਰਹਿੰਦੀ ਹੈ।

ਸਾਡਾ ਮਨ ਬਾਹਰੋਂ ਉਦਾਲੇ ਪੁਦਾਲੇ ਦੇ ਵਾਤਾਵਰਨ ਦੀ (environment) ਸੰਗਤ ਅਤੇ ਅੰਦਰੋਂ ਸਾਡੀਆਂ ਨੀਵੀਆਂ ਵਾਸ਼ਨਾਵਾਂ —

ਸ਼ਕ
ਸਾੜਾ
ਈਰਖਾ
ਦਵੈਤ
ਨਫਰਤ
ਨਿੰਦਾ
ਝੂਠ
ਬੇਈਮਾਨੀ
ਖੁਦਗਰਜ਼ੀ
ਧੜੇ ਬਾਜੀ
ਵੈਰ
ਵਿਰੋਧ
ਟਾਕਰਾ
ਲੜਾਈਆਂ
ਬਦਲਾ
ਕਾਮ
ਕ੍ਰੋਧ
ਲੋਭ
ਮੋਹ
ਹੰਕਾਰ

ਦੀ ਕੁਸੰਗਤ ਤੇ ਡੂੰਘੇ ਸੰਸਕਾਰਾਂ ਦਾ ਵੀ ਅਕਸ ਲੈਂਦਾ ਰਹਿੰਦਾ ਹੈ, ਜਿਸ ਨਾਲ ਸਾਡੇ

ਖਿਆਲਾਂ ਨੂੰ ਇਨ੍ਹਾਂ ਅਕਸਾਂ ਦੀ 'ਰੰਗਤ' ਚੜ੍ਹਦੀ ਰਹਿੰਦੀ ਹੈ। ਇਹ ਰੰਗਤ ਚੰਗੀ-ਸੁਖਦਾਈ ਜਾਂ ਮਾੜੀ ਤੇ ਦੁਖਦਾਈ ਹੋ ਸਕਦੀ ਹੈ।

ਸਾਡੇ ਮਨ ਵਿਚੋਂ ਇਹੋ ਜਿਹੇ ਤੀਖਣ ਵਲਵਲਿਆਂ ਵਾਲੇ ਖਿਆਲ ਉਪਜਦੇ ਹਨ, ਉਹਨਾਂ ਦੀਆਂ ਸ਼ਕਤੀਮਾਨ ਕਿਰਨਾਂ (powerful rays) ਦਾ ਡੂੰਘਾ ਅਸਰ ਸਾਡੇ ਸਰੀਰ, ਮਨ, ਬੁੱਧੀ ਤੇ ਪੈਂਦਾ ਹੈ ਤੇ ਸਾਡਾ ਆਚਰਣ ਬਣਦਾ ਤੇ ਬਦਲਦਾ ਰਹਿੰਦਾ ਹੈ। ਇਨ੍ਹਾਂ ਖਿਆਲਾਂ ਤੇ ਵਲਵਲਿਆਂ ਦੀਆਂ ਸ਼ਕਤੀਮਾਨ ਕਿਰਨਾ ਦਿਨ-ਰਾਤ, ਸਦਾ ਹੀ ਸਾਡੇ ਵਿਚੋਂ ਨਿਕਲ ਕੇ ਦੂਜੀਆਂ ਰੂਹਾਂ ਅਤੇ ਸਾਡੇ ਆਲੇ-ਦੁਆਲੇ ਦੇ ਵਾਤਾਵਰਨ ਤੇ ਵੀ ਅਸਰ ਪਾਉਂਦੀਆਂ ਰਹਿੰਦੀਆਂ ਹਨ। ਇਸੇ ਮਾਨਸਿਕ ਰੰਗਤ ਦੀ ਪ੍ਰੇਰਨਾ ਨਾਲ ਅਸੀਂ ਕਰਮ ਕਰਦੇ ਹਾਂ ਅਤੇ ਇਨ੍ਹਾਂ ਕਰਮਾਂ ਅਨੁਸਾਰ ਹਰ ਪਲ ਅਸੀਂ ਆਪਣਾ ਭਾਗ ਜਾਂ ਕਿਸਮਤ ਬਣਾਉਂਦੇ ਰਹਿੰਦੇ ਹਾਂ।

ਦਿਨੁ ਰਾਤਿ ਕਮਾਇਅੜੋ ਸੋ ਆਇਓ ਮਾਥੈ ॥ (ਪੰਨਾ-੪੬੧)

ਇਸ ਤੋਂ ਇਲਾਵਾ ਸਾਡੇ ਡੂੰਘੇ ਤੀਖਣ ਵਲਵਲਿਆਂ ਦੀਆਂ ਕਿਰਨਾਂ ਦਾ ਅਸਰ ਸਾਡੇ ਆਲੇ-ਦੁਆਲੇ ਦੇ ਵਾਯੂਮੰਡਲ ਦੁਆਰਾ ਹਰ ਇਕ ਸੂਖਮ ਤਤ ਅਤੇ ਸਥੂਲ ਚੀਜਾਂ ਤੇ ਵੀ ਪੈਂਦਾ ਹੈ, ਇਸ ਤਰ੍ਹਾਂ ਇਨ੍ਹਾਂ ਕਿਰਨਾਂ ਦਾ ਅਸਰ ਸਾਡੇ —

ਸਾਥੀਆਂ
ਟੱਬਰਾਂ
ਗਵਾਂਢੀਆਂ
ਭਾਈਚਾਰੇ, ਅਤੇ
ਦੇਸਾਂ

ਤੇ ਪੈ ਰਿਹਾ ਹੈ। ਇਥੇ ਹੀ ਬੱਸ ਨਹੀਂ ਕੁਦਰਤ ਦਿਆਂ ਤੱਤਾਂ ਅਤੇ ਸਾਰੇ ਬ੍ਰਹਿਮੰਡ ਉਤੇ ਭੀ ਸਾਡੇ ਤੀਖਣ ਚੰਗੇ ਯਾ ਮੰਦੇ ਵਲਵਲਿਆਂ ਦੀਆਂ ਲਹਿਰਾਂ ਦਾ ਅਸਰ ਪੈਂਦਾ ਹੈ।

ਸ੍ਰਿਸ਼ਟੀ ਦੇ ਪੁਲਾੜ ਵਿਚ ਅਤਿਅੰਤ ਸੂਖਮ-ਤੱਤ (ether) ਮੌਜੂਦ ਹੈ। ਸਾਡੇ ਖਿਆਲਾਂ ਦੀਆਂ ਅਤਿ ਸੂਖਮ ਅਤੇ ਤੀਖਣ ਕਿਰਨਾਂ (vibrations) ਸਾਰੇ ਪੁਲਾੜ (ether) ਵਿਚ ਫੈਲ ਜਾਂਦੀਆਂ ਹਨ ਅਤੇ ਉਥੋਂ ਦੇ 'ਵਤਾਵਰਨ' ਅਥਵਾ ਸਮੁੱਚੇ ਜਗਤ ਮਨ ਦੇ ਕੰਪਿਊਟਰ (computer) ਵਿਚ ਸਾਂਭ ਦੇ (record) ਰੱਖੇ ਜਾਂਦੇ ਹਨ। ਇਹ ਖਿਆਲ ਭਿੰਨ-ਭਿੰਨ ਦਰਜੇ ਦੇ ਹੁੰਦੇ ਹਨ ਅਤੇ ਉਹਨਾਂ ਖਾਸ ਦਰਜੇ ਉਤੇ ਹੀ ਦਰਜ ਹੋ ਕੇ ਜਮ੍ਹਾਂ ਹੋ ਰਹੇ ਹਨ। ਇਸ ਤਰ੍ਹਾ ਇਹ ਭਾਂਤ-ਭਾਂਤ ਦੇ ਅਤਿਅੰਤ ਸੂਖਮ ਖਿਆਲਾਂ ਦਾ ਸਮੁੱਚਾ ਅਸਰ (cumulative effect) 'ਰੰਗਤ' ਜਾਂ 'ਹਵਾੜ' ਸਹਿਜੇ-ਸਹਿਜੇ ਅਛੋਪ ਹੀ ਪੁਲਾੜ ਦੇ ਵਾਤਾਵਰਨ ਉਤੇ ਪੈ ਰਿਹਾ ਹੈ ਅਤੇ ਉਸਨੂੰ 'ਗੰਧਲਾ' ਕਰ ਰਿਹਾ ਹੈ।

ਦੂਜੇ ਲਫ਼ਜ਼ਾਂ ਵਿਚ ਸਮੂਹ ਖਲਕਤ ਦੇ ਖਿਆਲਾਂ ਦਾ ਚੰਗਾ-ਮਾੜਾ 'ਅਸਰ' ਪੁਲਾੜ

ਦੇ ਸੂਖਮ ਕੰਪਿਊਟਰ ਵਿਚ ਅੱਡ-ਅੱਡ ਦਰਜੇ ਉਤੇ ਖਿਨ-ਖਿਨ, ਪਲ-ਪਲ ਜਮ੍ਹਾਂ ਹੁੰਦਾ ਰਹਿੰਦਾ ਹੈ ਅਤੇ ਸ਼ਕਤੀਮਾਨ ਹੋ ਕੇ ਸਮੁੱਚੇ 'ਸੰਸਾਰੀ ਵਾਤਾਵਰਨ' ਰਾਹੀਂ, ਉਹਨਾਂ ਹੀ ਦਰਜਿਆਂ ਵਾਲੇ ਮਨਾਂ ਉਤੇ ਚੰਗਾ ਜਾਂ ਮਾੜਾ ਅਸਰ ਪਾਉਂਦਾ ਹੈ।

ਇਸ ਦਾ ਮਤਲਬ ਇਹ ਹੋਇਆ ਕਿ ਸਾਡੇ ਨਿੱਕੇ ਤੋਂ ਨਿੱਕੇ ਖਿਆਲਾਂ ਦਾ ਚੰਗਾ ਜਾਂ ਮਾੜਾ ਅਸਰ ਪਹਿਲਾਂ ਸਾਡੇ ਮਨਾਂ ਉਤੇ ਪੈਂਦਾ ਹੈ।

ਜੋ ਮੈ ਕੀਆ ਸੋ ਮੈਂ ਪਾਇਆ ਦੋਸੁ ਨ ਦੀਜੈ ਅਵਰ ਜਨਾ ॥ (ਪੰਨਾ-੪੩੩)

ਫੇਰ ਪੁਲਾੜ ਦੇ ਸੂਖਮ ਵਾਤਾਵਰਨ ਨੂੰ ਬਦਲਦਾ ਅਤੇ ਗੰਧਲਾ ਕਰਦਾ ਹੈ।

ਪੁਲਾੜ ਦੇ ਵਾਤਾਵਰਨ ਵਿਚ ਉਹੋ ਜਿਹੇ ਖਾਸ ਖਿਆਲਾਂ ਨਾਲ ਮਿਲ ਕੇ ਤਾਕਤਵਰ ਹੁੰਦਾ ਹੈ।

ਉਹੋ ਹੀ ਚੰਗੇ-ਮਾੜੇ ਸ਼ਕਤੀਮਾਨ ਖਿਆਲ ਮੁੜ ਕੇ ਸਾਡੇ ਮਨਾਂ ਉਤੇ ਜ਼ੋਰਦਾਰ ਅਸਰ ਪਾਉਂਦੇ ਹਨ।

ਇਸ ਤਰ੍ਹਾਂ ਅਸੀਂ ਆਪਣੇ ਹੀ ਖਿਆਲਾਂ ਦੇ ਜ਼ਹਿਰੀਲੇ ਘੁੰਮਣ-ਘੇਰੇ (vicious circle) ਵਿਚ ਫਸੇ ਹੋਏ ਹਾਂ, ਜਿਸ ਵਿਚੋਂ ਆਪਣੇ ਆਪ ਨਿਕਲਣਾ ਕਠਿਨ ਹੈ।

ਇਸ ਤਰ੍ਹਾਂ ਸਾਰੇ ਮਨ ਦੇ ਖਿਆਲਾਂ ਅਤੇ ਕਰਮਾਂ ਦਾ ਅਸਰ ਸਾਰੀ ਖਲਕਤ ਉਤੇ ਪੈਂਦਾ ਹੈ ਅਤੇ ਖਲਕਤ ਦੇ ਖਿਆਲਾਂ ਦਾ ਅਸਰ, ਸ੍ਰਿਸ਼ਟੀ ਦੇ ਵਾਤਾਵਰਨ ਰਾਹੀਂ ਪਰਤ ਕੇ ਸਾਡੇ ਸਾਰਿਆਂ ਤੇ ਸਮੂਹਕ ਤੌਰ ਤੇ ਪੈਂਦਾ ਹੈ (boomerang)।

ਇਸ ਲਈ ਅਸੀਂ ਆਪਣੇ ਚੌਗਿਰਦੇ ਦੇ ਵਾਤਾਵਰਨ ਨੂੰ ਚੰਗਾ ਜਾਂ ਮਾੜਾ ਬਣਾਉਣ ਦੇ ਖੁਦ ਜਿੰਮੇਵਾਰ ਹਾਂ ਅਤੇ ਉਸ ਦੀ ਚੰਗੀ-ਮਾੜੀ 'ਹਵਾੜ' (ecology) ਦੇ ਭਾਗੀ ਹੁੰਦੇ ਹਾਂ।

ਸਤਯੁਗ ਵਿਚ ਉਚੇ-ਸੁੱਚੇ ਦੈਵੀ ਗੁਣਾਂ ਵਾਲੇ ਸੋਹਣੇ ਖਿਆਲਾਂ ਤੇ ਵਲਵਲਿਆਂ ਦੀ ਬਹੁਲਤਾ ਸੀ ਤੇ ਬ੍ਰਹਿਮੰਡ ਵਿਚ—

ਦਇਆ
ਧਰਮ
ਸਤ
ਸੰਤੋਖ
ਧੀਰਜ
ਖਿਮਾ
ਨਿਮਰਤਾ
ਅਨੰਦ

ਸੁਖ
ਸ਼ਾਤੀ
ਮੈਤ੍ਰੀ-ਭਾਵ
ਸੇਵਾ-ਭਾਵ
ਆਪਾ ਵਾਰਨਾ
ਪ੍ਰੇਮ
ਚਾਉ

ਆਦਿ, ਦੈਵੀ ਗੁਣਾਂ ਦਾ ਵਰਤਾਵਾ ਸੀ।

ਉਸ ਦੇ ਉਲਟ ਵਰਤਮਾਨ ਸਮੇਂ ਵਿਚ ਘੋਰ ਕਲਯੁਗ ਦਾ ਬੋਲ-ਬਾਲਾ ਹੈ। ਸਮੁੱਚੀ ਸ੍ਰਿਸ਼ਟੀ ਦਾ ਵਾਤਾਵਰਨ ਭੀ ਅਤਿਅੰਤ ਮਲੀਨ ਅਤੇ ਖ਼ਤਰਨਾਕ ਹੋ ਗਿਆ ਹੈ। ਇਹ ਘੋਰ ਕਲਜੁਗ ਦਾ ਵਾਤਾਵਰਨ ਸਾਡੇ ਹੀ ਮਲੀਨ ਖਿਆਲਾਂ ਦੇ ਤੀਖਣਤਾ ਅਤੇ ਤੀਬਰਤਾ ਦੁਆਰਾ ਲਗਾਤਾਰ ਅਭਿਆਸ ਦਾ ਹੀ ਸਮੁੱਚਾ ਨਤੀਜਾ ਹੈ।

ਦੂਜੇ ਲਫ਼ਜ਼ਾਂ ਵਿਚ ਅਜ ਦੇ ਸਮੇਂ ਵਿਚ ਨੀਵੇਂ ਖਿਆਲਾਂ ਦੀ ਬਹੁਲਤਾ ਤੇ ਰਾਜ ਹੈ, ਜਿਸ ਦਾ ਨਕਸ਼ਾ ਗੁਰਬਾਣੀ ਵਿਚ ਇਉਂ ਬਿਆਨ ਕੀਤਾ ਹੈ—

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥ (ਪੰਨਾ-੧੪੫)

ਕਲਿ ਕਾਲਖ ਅੰਧਿਆਰੀਆ ॥ (ਪੰਨਾ-੨੧ )

ਕਲਿਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ ॥ (ਪੰਨਾ-੪੭ )

ਬਾਬਾ ਦੇਖੈ ਧਿਆਨ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ।
ਬਾਝਹੁ ਗੁਰੂ ਗੁਬਾਰ ਹੈ, ਹੈ ਹੈ ਕਰਦੀ ਸੁਣੀ ਲੁਕਾਈ। (ਵਾ. ਭਾ. ਗੁ. ੧/੨੪)

ਇਹਨਾਂ ਉਪਰਲੀਆਂ ਵਿਚਾਰਾਂ ਤੋਂ ਤਿੰਨ ਗੱਲਾਂ ਸਪਸ਼ਟ ਹੋ ਕੇ ਉਭਰਦੀਆਂ ਹਨ—

ਜਿਸ ਤਰ੍ਹਾਂ ਧਰਤੀ ਦੇ ਅੰਦਰ ਕਈ ਕਿਸਮ ਦੇ ਤੱਤਾਂ ਦੇ ਮੇਲ ਤੇ ਰਗੜ ਤੋਂ ਭਾਂਬੜ ਮੱਚ ਰਹੇ ਹਨ, ਇਸੇ ਤਰ੍ਹਾਂ ਸਾਡੇ ਮਨਾਂ ਦੇ ਅੰਦਰ —

ਈਰਖਾ
ਦਵੈਤ
ਸਾੜਾ
ਕੁਰਝਨਾਂ
ਕਾਮ
ਕ੍ਰੋਧ

ਲੋਭ

ਮੋਹ

ਹੰਕਾਰ

ਆਦਿ, ਕਈ ਕਿਸਮ ਦੀਆਂ ਵਾਸ਼ਨਾਵਾਂ ਦੀਆਂ ਅੱਗਾਂ ਦੇ ਭਾਂਬੜ ਮਚ ਰਹੇ ਹਨ, ਜਿਸ ਨੂੰ ਗੁਰਬਾਣੀ ਵਿਚ, "ਗੁਝੀ ਭਾਹਿ ਜਲੈ ਸੰਸਾਰਾ" (ਪੰਨਾ-੬੭੩) ਕਿਹਾ ਗਿਆ ਹੈ। ਇਸ ਗੁੱਝੀ ਅੱਗ ਨੇ ਸਾਰੇ ਸੰਸਾਰ ਨੂੰ ਲਪੇਟਿਆ ਹੋਇਆ ਹੈ ਤੇ ਸਾਰਾ ਸੰਸਾਰ ਹੀ 'ਆਤਸ਼ ਦੁਨੀਆਂ' ਅਥਵਾ ਇਕ ਵੱਡਾ ਭਾਂਬੜ ਬਣਿਆ ਹੋਇਆ ਹੈ। ਨੀਵੀਆਂ ਮਾਇਕੀ ਬਿਰਤੀਆਂ ਦੀ ਬਹੁਲਤਾ ਹੋਣ ਕਰਕੇ, ਸਾਡੇ ਜੀਵਨ ਵਿਚ ਉੱਚੇ-ਸੁੱਚੇ ਭਾਵਾਂ ਦੀ ਕਦਰ-ਕੀਮਤ ਘੱਟ ਗਈ ਹੈ ਤੇ ਅਸੀਂ ਇਸ ਗੁੱਝੀ ਮਾਇਕੀ ਅੱਗ ਵਿਚ ਦਿਨ-ਰਾਤ ਪਲਚ-ਪਲਚ ਕੇ ਅਸ਼ਾਂਤ ਤੇ ਦੁਖੀ ਹੋ ਰਹੇ ਹਾਂ।

ਜੀਅੜਾ ਅਗਨਿ ਬਰਾਬਰਿ ਤਪੈ ਭੀਤਰਿ ਵਗੈ ਕਾਤੀ ॥ (ਪੰਨਾ-੧੫੬)

ਜਗਤੁ ਜਲੰਦਾ ਡਿਠੁ ਮੈ ਹਉਮੈ ਦੂਜੈ ਭਾਇ ॥ (ਪੰਨਾ-੬੫੧)

ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥ (ਪੰਨਾ-੧੩੩)

ਪਾਪੀ ਕਾ ਘਰੁ ਅਗਨੇ ਮਾਹਿ ॥
ਜਲਤ ਰਹੈ ਮਿਟਵੈ ਕਬ ਨਾਹਿ ॥ (ਪੰਨਾ-੧੧੬੫)

ਅੰਤਰਿ ਕ੍ਰੋਧੁ ਅਹੰਕਾਰੁ ਹੈ ਅਨਦਿਨੁ ਜਲੈ ਸਦਾ ਦੁਖੁ ਪਾਇ ॥ (ਪੰਨਾ-੧੪੧੫)

ਅਜ ਤੋਂ ਤਕਰੀਬਨ 500 ਸਾਲ ਪਹਿਲਾਂ ਗੁਰੂ ਬਾਬੇ ਨੇ ਉਪਰ ਲਿਖੇ ਸ਼ਬਦਾਂ ਦੁਆਰਾ ਜੋ ਕਲਜੁਗ ਦਾ ਨਕਸ਼ਾ ਖਿਚਿਆ ਸੀ, ਅੱਜ ਕਲ ਸਾਡੀ ਦੁਰਦਸ਼ਾ, ਉਸ ਤੋਂ ਭੀ ਭੈੜੀ ਤੇ ਨਿੱਘਰਦੀ ਜਾ ਰਹੀ ਹੈ। ਸਾਡੇ ਨੀਵੇਂ ਤੇ ਅਸੁਰੀ ਖਿਆਲ ਤੇ ਰੁਚੀਆਂ ਐਨੀਆਂ ਗਿਲਾਨੀ ਵਾਲੀਆਂ ਹੋ ਗਈਆਂ ਹਨ, ਕਿ ਉੱਚੇ-ਸੁੱਚੇ ਦੈਵੀ ਗੁਣਾਂ ਦਾ ਖਿਆਲ ਸਾਨੂੰ ਪੋਂਹਦਾ ਹੀ ਨਹੀਂ। ਜੇਕਰ ਕੋਈ ਵਿਰਲਾ ਭਲਾ ਪੁਰਸ਼ ਉਚੇ ਦੈਵੀ ਗੁਣਾਂ ਦਾ ਪ੍ਰਗਟਾਵਾ ਕਰਦਾ ਹੈ, ਤਾਂ ਨੀਵੀਆਂ ਰੁਚੀਆਂ ਵਾਲੀ ਬਹੁਸੰਮਤੀ ਵਿਰੋਧ ਕਰਦੀ ਹੈ ਤੇ ਉਸ ਦਾ ਜੀਵਨ 'ਦੁੱਭਰ' ਕਰ ਦਿੰਦੀ ਹੈ। ਇਹ ਕਹਿਣਾ ਗਲਤ ਨਹੀਂ ਹੋਵੇਗਾ, ਕਿ ਅੱਜ-ਕੱਲ੍ਹ ਦੀ ਕਲਜੁਗੀ ਦੁਨੀਆਂ ਵਿਚ ਭਲੇ ਪੁਰਸ਼ਾਂ ਤੇ ਗੁਰਮੁਖਾਂ ਲਈ ਜੀਵਨ ਬਤੀਤ ਕਰਨਾ ਕਠਿਨ ਤੇ ਦੁਖਦਾਈ ਹੋ ਗਿਆ ਹੈ, ਕਿਉਂਕਿ ਹਰ ਪਾਸੇ—

ਈਰਖਾ

ਦਵੈਤ

ਨਫਰਤ

ਸਾੜਾ

ਸ਼ਕ

ਅਸ਼ਾਂਤੀ
ਬੇ-ਵਿਸਾਹੀ
ਖਿਚੋਤਾਣ
ਖ਼ੁਦ-ਗਰਜ਼ੀ
ਧੋਖਾ
ਬੇਈਮਾਨੀ
ਮਿਲਾਵਟ
ਭ੍ਰਿਸ਼ਟਾਚਾਰ
ਧੱਕੇ-ਸ਼ਾਹੀ
ਖੋਹਾ-ਖਾਹੀ
ਲੁੱਟ-ਖਸੁੱਟ
ਠੱਗੀ-ਠੋਰੀ
ਰਿਸ਼ਵਤ-ਖੋਰੀ
ਵੈਰ-ਵਿਰੋਧ
ਲੜਾਈਆਂ
ਝਗੜੇ
ਜ਼ੁਲਮ

ਦਾ ਬਾਜ਼ਾਰ ਗਰਮ ਹੈ, ਜਿਸ ਦੀਆਂ ਗਵਾਹ ਸਾਡੀਆਂ ਕਚਹਿਰੀਆਂ ਹਨ। ਇਹ 'ਮਾਇਕੀ ਗੁੱਝੀ ਅੱਗ' ਸਾਡੇ ਅੰਤਿਸ਼ਕਰਨ, ਮਨ, ਬੁੱਧੀ ਤੇ ਹਿਰਦੇ ਵਿਚੋਂ ਨਿਕਲ ਕੇ ਸਾਡੇ ਤਨ-ਮਨ ਨੂੰ ਸਾੜਦੀ ਹੋਈ ਸਾਡੇ —

ਪਰਿਵਾਰਾਂ
ਗੁਆਂਢੀਆਂ
ਮੁਹੱਲਿਆਂ
ਪਿੰਡਾਂ
ਸ਼ਹਿਰਾਂ
ਦੇਸ਼ਾਂ

ਤੇ ਸਾਰੇ ਸੰਸਾਰ ਨੂੰ ਆਪਣੇ ਭਾਂਬੜ ਦੀ ਲਪੇਟ ਵਿਚ ਲੈ ਲੈਂਦੀ ਹੈ। ਇਨ੍ਹਾਂ ਦੀਆਂ ਤੀਬਰ 'ਜ਼ਹਿਰੀ ਕਿਰਨਾਂ' (intense vicious rays) ਦੁਆਰਾ, ਸਾਰੇ ਬ੍ਰਹਿਮੰਡ ਤੇ ਵੀ ਜ਼ਬਰਦਸਤ ਅਸਰ ਪੈ ਰਿਹਾ ਹੈ, ਜਿਸ ਦਾ ਨਤੀਜਾ ਸਾਡੀਆਂ ਵੱਡੀਆਂ ਵਿਸ਼ਵ ਲੜਾਈਆਂ ਤੇ ਸਾਰਿਆਂ ਮੁਲਕਾਂ ਵਿਚ ਬੇਚੈਨੀ, ਝਗੜੇ, ਦੁਸ਼ਮਣੀਆਂ, ਜ਼ੁਲਮ ਤੇ ਲੜਾਈਆਂ ਹੋ ਰਹੀਆਂ ਹਨ। ਇਥੋਂ ਇਹ ਸਾਫ ਹੈ ਕਿ ਦੁਨੀਆਂ ਭਰ ਵਿਚ ਸਾਰੇ 'ਰੋਲ ਘਚੋਲੇ' ਤੇ ਭੜਥੂ ਦਾ ਮੁੱਢਲਾ

ਕਾਰਨ ਸਾਡੇ ਆਪੋ-ਆਪਣੇ ਨੀਵੇਂ ਤੇ ਜ਼ਹਿਰੀਲੇ ਖਿਆਲ ਹੀ ਹਨ, ਤੇ ਇਨ੍ਹਾਂ ਜ਼ਹਿਰੀਲੇ ਖਿਆਲਾਂ ਦਾ ਹੀ ਸਾਰਾ ਪਸਾਰਾ ਅਤੇ ਵਰਤ-ਵਰਤਾਰਾ ਹੈ।

ਇਹਨਾਂ ਗਿਲਾਨੀ ਭਰੇ ਖਿਆਲਾਂ ਦਾ ਸੂਖਮ ਜ਼ਹਿਰੀਲਾ ਅਸਰ ਦੁਨਿਆਵੀ ਵਾਯੂ ਮੰਡਲ ਵਿਚ, ਇੰਨਾ ਡੂੰਘਾ ਪ੍ਰਵੇਸ਼ ਕਰ ਚੁਕਿਆ ਹੈ, ਕਿ ਸਾਰੀ ਕੁਦਰਤ ਹੀ ਬਦਲ ਰਹੀ ਹੈ। ਏਸੇ ਕਾਰਨ—

ਨਵੀਨ ਸਭਿਅਤਾ
ਆਧੁਨਿਕਤਾ
ਵਿਦਵਤਾ
ਫਿਲਾਸਫੀ
ਵਿਗਿਆਨ ਦੀ ਤਰੱਕੀ
ਸੁਖ
ਐਸ਼
ਮਨੋਰੰਜਨ
ਰਸ-ਕਸ

ਅਤੇ ਹੋਰ ਨਵੇਂ ਸਾਧਨਾਂ ਦੇ ਹੁੰਦਿਆਂ ਹੋਇਆਂ ਭੀ, ਅਸੀਂ ਅਗੇ ਨਾਲੋਂ ਜ਼ਿਆਦਾ ਨਿਰਬਲ, ਬੀਮਾਰ, ਅਸ਼ਾਂਤ ਤੇ ਦੁਖੀ ਹੋ ਰਹੇ ਹਾਂ।

ਦੂਜੀ ਗੱਲ ਇਹ ਹੈ ਕਿ ਸਾਡੀ ਦੁਰਦਸ਼ਾ ਦਾ ਮੂਲ ਕਾਰਣ ਸਾਡੀ ਅਗਿਆਨਤਾ ਜਾਂ ਭਰਮ ਦਾ ਹਨੇਰਾ ਹੈ, ਜਿਸ ਦੀ ਵਜ੍ਹਾ ਨਾਲ ਅਸੀਂ ਗਲਤ, ਨੀਵੇਂ ਤੇ ਜ਼ਹਿਰੀਲੇ ਖਿਆਲਾਂ ਜਾਂ ਸੰਕਲਪ (vicious thoughts) ਸੋਚਦੇ ਹਾਂ, ਤੇ ਗਲਤ ਕਰਮ ਕਰਦੇ ਹੋਏ ਆਪਣਾ ਜੀਵਨ ਤਲੱਖ ਤੇ ਦੁਖਦਾਈ ਬਣਾ ਰਹੇ ਹਾਂ।

ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥ (ਪੰਨਾ-੪੩੩)

ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ (ਪੰਨਾ-੧੩੪)

ਦੂਜੇ ਲਫ਼ਜ਼ਾਂ ਵਿਚ ਆਪਣੇ ਜ਼ਹਿਰੀਲੇ ਖਿਆਲਾਂ ਦੁਆਰਾ ਅਸੀਂ ਆਪਣੇ ਆਪ ਹੀ ਆਪਣੇ ਲਈ ਦੁਖਦਾਈ ਜੀਵਨ ਬਣਾ ਰਹੇ ਹਾਂ। ਇਸ ਤਰ੍ਹਾਂ ਅਸੀਂ ਆਪਣੇ ਆਪ ਹੀ, ਆਪਣਾ ਤੇ ਸਮੁੱਚੇ ਤੌਰ ਤੇ ਸਾਰੀ ਸ੍ਰਿਸ਼ਟੀ ਦੀ ਤਬਾਹੀ ਦਾ ਕਾਰਨ ਬਣ ਰਹੇ ਹਾਂ। ਸੱਚੀ ਗੱਲ ਇਹ ਹੈ ਕਿ ਸਾਡੇ—

ਨੀਵੇਂ ਖਿਆਲਾਂ
ਨੀਵੀਆਂ ਰੁਚੀਆਂ
ਮਲੀਨ ਕਰਮ
ਵਾਸ਼ਨਾਵਾਂ

ਅਥਵਾ 'ਪਾਪ' ਹੀ ਸਾਡੇ ਪੇਸ਼ ਆ ਕੇ, ਸਾਨੂੰ ਸਜ਼ਾ ਦਿੰਦੇ ਹਾਂ।

"ਪਾਪੀ ਕੇ ਮਾਰਨੇ ਕੋ ਪਾਪ ਮਹਾਂ ਬਲੀ ਹੈ।"

ਇਹ ਇਲਾਹੀ ਅਟੱਲ ਅਸੂਲ ਹੈ।

ਤੀਜੀ ਗੱਲ ਇਹ ਹੈ ਕਿ ਸਾਡੇ ਸ਼ਖਸੀ ਗਲਤ ਜ਼ਹਿਰੀਲੇ ਖਿਆਲਾਂ ਦੀਆਂ ਤੀਬਰ ਕਿਰਨਾਂ ਵੱਧਦੀਆਂ-ਵੱਧਦੀਆਂ ਅਤਿਅੰਤ ਤੀਖਣ ਹੋ ਕੇ ਪੁਲਾੜ ਦੇ ਸੂਖਮ ਕੰਪਿਊਟਰ ਵਿਚ ਜਮ੍ਹਾਂ ਹੁੰਦੀਆਂ ਰਹਿੰਦੀਆਂ ਹਨ ਤੇ ਨਿਰਮਲ ਕੁਦਰਤ ਤੇ ਕਾਇਨਾਤ ਨੂੰ ਭੀ ਗੰਦਾ ਤੇ ਜ਼ਹਿਰੀਲਾ ਬਣਾ ਰਹੀਆਂ ਹਨ, ਜਿਸ ਕਾਰਨ ਕੁਦਰਤ ਦੇ ਰਗੋ-ਰੇਸ਼ੇ, ਤਾਣੇ-ਪੇਟੇ ਵਿਚ ਗਿਲਾਨੀ ਭਰਪੂਰ (saturate) ਹੋ ਗਈ ਹੈ। ਜਿਵੇਂ ਧਰਤੀ ਦੇ ਅੰਦਰ ਅੱਗ ਦੇ ਭਾਂਬੜ ਮੱਚਦੇ, ਰਿੱਝਦੇ-ਰਿੱਝਦੇ ਜਦ ਨਹੀਂ ਸਮਾਉਂਦੇ ਤੇ ਬਾਹਰ ਫੁਟ ਕੇ ਤਬਾਹੀ ਮਚਾਉਂਦੇ ਹਨ, ਉਸੇ ਤਰ੍ਹਾਂ ਸਾਡੀ ਅੰਦਰਲੀ ਪਾਪਾਂ ਦੀ 'ਗੁੱਝੀ ਅੱਗ' ਵੱਧ-ਵੱਧ ਕੇ, ਰਿੱਝ-ਰਿੱਝ ਕੇ ਗੱਜਦੀ ਤੇ ਫਟਦੀ ਰਹਿੰਦੀ ਹੈ, ਜੋ ਕਿ ਕਿਤੇ-ਕਿਤੇ ਲੜਾਈਆਂ ਦੀ ਸ਼ਕਲ ਵਿਚ ਪ੍ਰਗਟ ਹੁੰਦੀ ਰਹਿੰਦੀ ਹੈ। ਕਿਸੇ ਵੇਲੇ ਵੀ ਇਹ ਸਾਡਾ ਅੰਦਰਲਾ 'ਅਗਨ ਰੂਪ ਲਾਵਾ' ਉਛਲ ਕੇ ਅਤੇ ਅੰਦਰਲਾ ਜਵਾਲਾਮੁਖੀ ਫੁਟ ਕੇ ਸਮੂਹ ਸੰਸਾਰ ਨੂੰ ਆਪਣੀ ਲਪੇਟ ਵਿਚ ਲਿਆ ਕੇ, ਦੁਨੀਆਂ ਦੀ ਤਬਾਹੀ ਅਥਵਾ ਕਿਆਮਤ ਦਾ ਕਾਰਨ ਬਣ ਸਕਦਾ ਹੈ।

ਭਾਵੇਂ ਇਸ ਗਿਲਾਨੀ ਦੀ ਬਾਬਤ ਅਸੀਂ ਸ਼ਿਕਾਇਤਾਂ ਅਤੇ ਨੁਕਤਾਚੀਨੀ ਤਾਂ ਕਰੀ ਜਾਂਦੇ ਹਾਂ, ਪਰ ਖੁਦ ਆਪਣੀ ਪੁਰਾਣੀ ਗਿਲਾਨੀ ਵਾਲੀ 'ਜੀਵਨ-ਪ੍ਰਣਾਲੀ' ਨੂੰ ਛੱਡ ਨਹੀਂ ਸਕਦੇ।

ਅਸੀਂ ਜੀਵਨ ਦੇ ਹਰ ਪਹਿਲੂ ਵਿਚ ਇਸ ਗਿਲਾਨੀ ਦਾ ਹੀ ਆਸਰਾ ਜਾਂ ਸੇਧ ਲੈਂਦੇ ਹਾਂ ਅਤੇ ਆਪਣੀ ਜਾਇਜ਼-ਨਾਜਾਇਜ਼ ਗਰਜ਼ਾਂ ਦੀ ਪੂਰਤੀ ਲਈ, ਨੀਵੇਂ ਸਾਧਨਾਂ ਦੀ ਵਰਤੋਂ ਕਰਨ ਤੋਂ ਭੀ ਸੰਕੋਚ ਨਹੀਂ ਕਰਦੇ।

ਇਸ ਗਿਲਾਨੀ ਦੇ ਜ਼ਹਿਰੀਲੇ ਮਾਨਸਿਕ 'ਰੋਗ' ਵਧ ਕੇ, ਇਤਨੇ ਸ਼ਕਤੀਸ਼ਾਲੀ ਹੋ ਗਏ ਹਨ, ਕਿ ਤਪਦਿਕ ਵਾਂਗ, ਇਹ 'ਰੋਗ' ਸਾਡੇ ਤਨ, ਮਨ, ਬੁੱਧੀ, ਅੰਤਿਸ਼ਕਰਨ ਵਿਚ ਧੱਸ-ਵੱਸ-ਰਸ ਗਏ ਹਨ ਅਤੇ ਨਿਤਾ-ਪ੍ਰਤੀ ਹੋਰ ਖਤਰਨਾਕ ਅਤੇ 'ਮੋਹਲਕ' ਹੋ ਰਹੇ ਹਨ।

ਜਦ ਸਾਡੇ ਖਿਆਲਾਂ ਦਾ ਅਸਰ ਇਤਨਾ ਡੂੰਘਾ ਅਤੇ ਖਤਰਨਾਕ ਹੋ ਸਕਦਾ ਹੈ, ਤਾਂ ਸਾਨੂੰ ਆਪਣੇ ਖਿਆਲਾਂ ਉਤੇ ਪਹਿਰਾ ਦੇਣ ਦੀ ਅਤੀ ਲੋੜ ਹੈ, ਪਰ ਅਸੀਂ ਆਪੋ-ਆਪਣੇ ਖਿਆਲਾਂ ਅਤੇ ਕਰਮਾਂ ਦੇ ਨਤੀਜਿਆਂ ਤੋਂ ਬੇ-ਪ੍ਰਵਾਹ ਤੇ ਅਵੇਸਲੇ ਹੋ ਕੇ ਪੁਰਾਣੀਆਂ ਆਦਤਾਂ ਅਨੁਸਾਰ ਹੀ ਜੀਵਨ ਬਤੀਤ ਕਰ ਰਹੇ ਹਾਂ। ਇਸ ਤਰ੍ਹਾਂ ਅਸੀਂ ਆਪਣੇ 'ਮਾਨਸਿਕ ਤਪਦਿਕ' ਦੇ ਰੋਗ ਨੂੰ ਹੋਰ ਦੀਰਘ ਤੇ ਖਤਰਨਾਕ ਬਣਾ ਰਹੇ ਹਾਂ।

ਅਸੀਂ ਘਰਾਂ, ਗਲੀਆਂ, ਮੁਹੱਲਿਆਂ, ਸ਼ਹਿਰਾਂ ਅਤੇ ਚਾਰ-ਚੁਫੇਰੇ ਦੇ ਗੰਧਲੇ ਵਾਯੂਮੰਡਲ ਦੀ ਬਾਬਤ ਤਾਂ ਬੜੇ ਵਾਦ-ਵਿਵਾਦ ਕਰਦੇ ਹਾਂ ਅਤੇ ਹਾਲ-ਦੁਹਾਈ ਮਚਾਉਂਦੇ ਹਾਂ, ਪਰ ਆਪਣੀ ਅੰਦਰਲੀ ਮਾਨਸਿਕ ਗਿਲਾਨੀ ਦੇ ਭਿਆਨਕ ਨਤੀਜਿਆਂ ਤੋਂ ਅਨਜਾਣ, ਬੇ

ਖਬਰ, ਬੇ-ਪ੍ਰਵਾਹ ਅਤੇ ਅਵੇਸਲੇ ਹੋ ਰਹੇ ਹਾਂ।

ਸਮਝਣ ਵਾਲੀ ਮਹੱਤਵਪੂਰਨ ਗੱਲ ਇਹ ਹੈ, ਕਿ ਸਰੀਰਕ ਰੋਗ ਤਾਂ ਮੌਤ ਦੇ ਨਾਲ ਹੀ ਖਤਮ ਹੋ ਜਾਂਦੇ ਹਨ, ਪਰ ਅੰਤਿਸ਼ਕਰਨ ਵਿਚ ਆਪੂੰ ਸਹੇੜੇ ਮਾਨਸਿਕ ਰੋਗ ਤਾਂ ਅਗਲਿਆਂ ਜਨਮਾਂ ਵਿਚ ਭੀ, ਜੀਵ ਦੇ ਨਾਲ ਚਿੰਬੜੇ ਰਹਿੰਦੇ ਹਨ।

ਸੰਸਾਰ ਵਿਚ ਅਗੇ ਹੀ ਗਿਲਾਨੀ ਭਰਪੂਰ ਹੋ ਕੇ ਉਛਲ ਰਹੀ ਹੈ। ਜੇ ਇਸ ਮਾਨਸਿਕ ਗਿਲਾਨੀ ਦੇ ਜ਼ਹਿਰ ਨੂੰ ਅਸੀਂ ਘਟਾ ਨਹੀਂ ਸਕਦੇ ਤਾਂ ਵਧਾਉਣ ਦਾ ਭੀ ਸਾਨੂੰ ਕੋਈ ਹੱਕ ਨਹੀਂ।

ਸਾਰੇ ਵਿਸ਼ਵ ਵਿਚ ਜੋ ਅਸ਼ਾਂਤੀ, ਖ਼ੁਦਗਰਜ਼ੀ, ਹਉਮੈ, ਈਰਖਾ-ਦਵੈਤ, ਵੈਰ-ਵਿਰੋਧ ਘਿਰਨਾ, ਲੜਾਈਆਂ-ਝਗੜੇ, ਅਤਿਆਚਾਰ, ਜ਼ੁਲਮ ਦਾ ਬੋਲ- ਬਾਲਾ ਹੈ, ਇਨ੍ਹਾਂ ਸਭਨਾਂ ਦਾ ਮੁੱਢਲਾ ਕਾਰਣ ਜਾਂ 'ਬੀਜ' ਸਾਡੇ ਹੀ ਆਪਣੇ ਖਿਆਲ ਅਤੇ ਸੰਸਕਾਰ ਹਨ, ਜਿਨ੍ਹਾਂ ਦਾ ਸਮੁੱਚਾ ਅਸਰ ਜਾਂ 'ਰੰਗਤ' ਦੁਨਿਆਵੀ ਜੀਵਨ ਦੇ ਹਰ ਪੱਖ ਵਿਚ ਲਿਸ਼ਕਾਂ ਮਾਰ ਰਿਹਾ ਹੈ।

ਰੱਬ ਨੇ ਆਪਣੀ ਅੰਸ਼ ਬੰਦੇ ਲਈ ਸਵਰਗ ਰੂਪੀ ਸ੍ਰਿਸ਼ਟੀ ਸਾਜੀ ਸੀ ਅਤੇ ਹਰ ਤਰ੍ਹਾਂ ਦੇ ਸੁਖ-ਆਰਾਮ ਪ੍ਰਦਾਨ ਕੀਤੇ ਸਨ, ਪਰ ਅਸੀਂ ਆਪਣੇ ਨੀਵੇਂ ਖਿਆਲ, ਨੀਵੀਆਂ ਰੁਚੀਆਂ ਦੀ ਗੁੱਝੀ ਅੱਗ ਦੁਆਰਾ ਇਸ ਸਵਰਗ-ਰੂਪੀ ਸ੍ਰਿਸ਼ਟੀ ਨੂੰ ਨਰਕ-ਰੂਪੀ ਸ੍ਰਿਸ਼ਟੀ ਬਣਾ ਦਿਤਾ ਹੈ।

ਇਸ ਤਰ੍ਹਾਂ ਅਸੀਂ ਆਪਣੇ ਪੈਰੀਂ ਆਪ ਕੁਹਾੜਾ ਮਾਰਿਆ ਹੈ ਅਤੇ ਆਪ ਨਰਕ ਭੋਗਦੇ ਹੋਏ ਦੁਖੀ ਹੋ ਰਹੇ ਹਾਂ ਅਤੇ ਹੋਰਨਾਂ ਨੂੰ ਭੀ ਦੁਖੀ ਕਰ ਰਹੇ ਹਾਂ।

ਕਬੀਰ ਦੀਨੁ ਗਵਾਇਆ ਦੁਨੀ ਸਿਉ ਦੁਨੀ ਨ ਚਾਲੀ ਸਾਥਿ ॥
ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥਿ ॥ (ਪੰਨਾ-੧੩੬5)

ਕਿਸੇ ਮਹਾਂ ਪੁਰਖ ਨੇ ਸਾਡੀ ਏਸ ਅੰਦਰਲੀ ਗੁੱਝੀ ਅੱਗ ਦੀ ਬਾਬਤ ਬੜੇ ਸੋਹਣੇ ਤੇ ਸੰਖੇਪ ਸ਼ਬਦਾਂ ਵਿਚ ਇਉਂ ਬਿਆਨ ਕੀਤਾ ਹੈ—

"ਸੰਸਾਰ ਸੜ ਰਿਹਾ ਹੈ, ਅੱਗ ਦੇ ਸ਼ੋਅਲੇ ਉਠ ਰਹੇ ਹਨ। ਜਿਨ੍ਹਾਂ ਨੂੰ ਸਾਂਈਂ ਨੇ ਪਦਾਰਥ ਵਲੋਂ ਸੁਖ ਬਖਸ਼ਿਆ ਹੈ, ਉਹ ਈਰਖਾ, ਦ੍ਵੈਤ, ਗਿਣਤੀ, ਹਿਸਾਬ, ਸ਼ੰਕੇ ਆਦਿ ਅੰਦਰ ਦੇ ਭਾਂਬੜਾਂ ਨਾਲ ਜਲ ਰਹੇ ਹਨ। ਬੇ-ਯਕੀਨੀ, ਬੇ-ਸਿਦਕੀ ਦੀ ਪਾਮਰਤਾ ਰੂਹ ਨੂੰ ਚਿਪਟੀ ਹੋਈ ਹੈ, ਜੜ੍ਹਾਂ ਜ਼ਮੀਨ ਵਿਚੋਂ ਉਖੜ ਕੇ, ਬਾਹਰ ਆ ਸੁਕ ਗਈਆਂ ਹਨ ਤੇ ਬਾਲਣ ਬਣ ਚੁਕੇ ਹਨ, ਰੇਸ਼ਮ ਤਨ ਤੇ ਖੜਕਦੇ ਹਨ, ਪਰ ਇਹ ਖੜਾਕ ਸੁਕੇ ਪੱਤਰਾਂ ਦਾ ਹੈ, ਤੇ ਜਿਹੜੇ 'ਅੰਨ', 'ਬਸਤਰ' ਦੇ ਦੁਖਾਂ ਵਿਚ ਹਨ, ਉਨ੍ਹਾਂ ਨੂੰ ਭੁੱਖ, ਤ੍ਰੇਹ, ਨੰਗਾਪਨ, ਦਰਿਦ੍ਰਤਾ, ਰੋਗ ਕਸ਼ਟ ਆਦਿ ਸਤਾ ਰਹੇ ਹਨ। ਗਰੀਬੀ ਦੀਆਂ ਮਾਰਾਂ ਨੇ ਲੱਕ ਤੋੜ ਸੁੱਟੇ ਹਨ, ਮਨ ਟੁੱਟੇ ਪਏ ਹਨ। ਸੰਸਾਰ ਤੱਤਾ, ਜਿਸਮ ਤੱਤਾ, ਜੀਵਨ ਤੱਤਾ, ਜੀਵਨ ਖੇਤਰ ਤੱਤਾ, ਬਾਹਰਮੁਖੀ

ਬਿਰਤੀਆਂ ਤੱਤੀਆਂ, ਕਾਮ ਤੱਤਾ ਅੱਗ, ਕ੍ਰੋਧ ਤੱਤਾ ਅੱਗ, ਭੁੱਖ ਤੱਤੀ ਅੱਗ, ਅਮੀਰੀ ਨਿਰਾ ਭਾਂਬੜ, ਗਰੀਬੀ ਤੱਤੀ, ਮਨ ਤੱਤਾ, ਚਿੱਤ ਤੱਤਾ, ਮਨਮੁਖ ਟੁਟਿਆ ਸੁਕਿਆਂ ਦਾ 'ਪਿਆਰ' ਤੱਤਾ, ਹਾਇ! ਹਰ ਪਾਸੇ ਅੱਗ ਹੀ ਅੱਗ, ਅੰਦਰ ਵੀ ਅੱਗ, ਬਾਹਰ ਵੀ ਅੱਗ, ਦੀਨ ਵੀ ਅੱਗ, ਦੁਨੀਆਂ ਵੀ ਅੱਗ, ਇਸ ਅੱਗ ਵਿਚ ਬੈਠਾ ਰੱਬ ਦਾ ਪਿਆਰਾ ਪ੍ਰਹਿਲਾਦ! ਮਨ ਠੰਢਾ, ਚਿਤ ਠੰਢਾ, ਜੀਭ ਠੰਢੀ, ਦਿਲ ਠੰਢਾ, ਤ੍ਰਿਸ਼ਨਾ ਰਹਿਤ ਦਿਲ ਹਰਾ-ਭਰਾ, ਜੜ੍ਹਾਂ ਰੱਬ ਵਿਚ ਗੱਡੀਆਂ, ਸਹਿਜ ਸੁਭਾ ਗੱਡੀਆਂ, ਬੇਮਲੂਮ ਗੱਡੀਆਂ, ਸੁਰਤ ਇਕ ਥਾਂ ਕੱਠੀ ਹੋਈ, ਲੂੰਆਂ ਵਿਚੋਂ ਅੰਮ੍ਰਿਤ ਵਗ ਰਿਹਾ ਹੈ, ਅੱਗ ਪ੍ਰਣਾਮ ਕਰ ਰਹੀ ਹੈ। ਰੱਬ ਦਾ ਭਗਤ ਬੈਠਾ ਹੈ, ਬੱਸ, ਕੇਵਲ ਰੱਬ ਦਾ ਪਿਆਰਾ ਠੰਢਾ ਹੈ। ਰੱਬ ਦਾ ਨਾਮ 'ਖੁਨਕ' ਹੈ 'ਖੁਨਕ ਨਾਮੁ ਖੁਦਾਇਆ', ਉਸ ਨਾਲ ਲਗ ਕੇ ਆਦਮੀ ਦਾ ਬੱਚਾ ਠੰਢ ਪਾਂਦਾ ਹੈ, ਸੱਚਾ ਸੁਖ ਪਾਂਦਾ ਹੈ, ਰੂਹ ਠੰਢੀ ਹੈ। ਚਿੱਤ ਭਟਕਣ ਦੀ ਥਾਂ ਛੁਟ ਠੰਢਾ ਹੁੰਦਾ ਹੈ, ਰੱਬ ਦੀ ਮੇਹਰ ਬਚਾਉਂਦੀ ਹੈ।

ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ ॥ (ਪੰਨਾ-੮੧੯)

ਮਖਲੂਕ ਇਸ ਠੰਢ ਨੂੰ ਟੋਲ ਰਹੀ ਹੈ, ਕੁਦਰਤ ਟੋਲ ਰਹੀ ਹੈ, ਤਦ ਹੀ ਤਾਂ ਮਨੁਖਾਂ ਦਾ ਜਾਮਾ ਘੜ ਰਹੀ ਹੈ। ਮਾਂ ਜਦ ਬੱਚੇ ਨੂੰ ਮਿਲਦੀ ਹੈ ਯਾ ਗਲਵਕੜੀ ਪਾਂਦੀ ਹੈ, ਤਦ ਛਿਨ ਦੇ ਛਿਨ ਲਈ, ਇਸ ਅੰਮ੍ਰਿਤ ਠੰਢ ਦਾ ਝਾਵਲਾ ਵਜਦਾ ਹੈ। ਜਦ ਆਦਮੀ ਦੀ ਇੱਛਾ, ਤੀਬਰ ਇੱਛਾ—ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਨੂੰ ਵਸ ਵਿਚ ਕਰਕੇ ਫਲਦੀ ਹੈ, ਤਾਂ ਫਲੀਭੂਤ ਹੋਣ ਤੇ ਉਸ ਛਿਨ ਲਈ, ਇਸੀ ਠੰਢ ਦਾ ਝਲਕਾ ਵੱਜਦਾ ਹੈ। ਭੁੱਖੇ ਨੂੰ ਜਦ ਰੋਟੀ ਦਾ ਟੁਕੜਾ ਮਿਲਦਾ ਹੈ, ਤਾਂ ਨੈਣਾਂ ਵਿਚ ਇਕ ਸੁਖ ਆਉਂਦਾ ਹੈ, ਉਹ ਇਸੀ ਸੁਖ ਦਾ ਪ੍ਰਤੀਬਿੰਬ ਹੈ। ਤ੍ਰਿਖਾਵੰਤ ਨੂੰ ਜਦ ਜਲ ਮਿਲੇ ਤਦ ਇਸਦੀ ਹਾਲਤ ਦਾ ਬਿਜਲਦੀ ਲਿਸ਼ਕਾਰਾ ਹੁੰਦਾ ਹੈ। ਦੀਨ ਅਰ ਦੁਨੀਆਂ ਇਸ 'ਆਤਮ ਠੰਢ' ਨੂੰ ਟੋਲਦੇ ਹਨ, ਇਸ 'ਨਾਮ-ਖੁਨਕੀ' ਦੀ ਅਮਰ, ਅਮਿੱਟ, ਅਟੱਲ ਲਾਲਸਾ ਵਿਚ ਹਨ, ਇਹ ਲਾਲਸਾ ਸ੍ਰਿਸ਼ਟੀ ਦੀ ਬਣਾਵਟ ਵਿਚ ਹੈ, ਮਿਟ ਨਹੀਂ ਸਕਦੀ। ਠੰਢ ਕਿਸ ਤਰ੍ਹਾਂ ਪਵੇ ? ਕਾਮ, ਕ੍ਰੋਧ, ਹੰਕਾਰ, ਜਦ ਤਕ ਮਨ ਚਿਤ, ਬੁੱਧੀ, 'ਅੰਦਰ ਦੀ ਬਿਰਤੀ', ਵਿਚ ਵਸਦੇ ਹੋਣ, ਏਸ ਆਦਮੀ ਦੇ ਦੁਸ਼ਮਣ ਹਨ। ਰੂਹ ਠੰਢੀ ਹੋ ਜਾਵੇ, ਸੋ ਚਿੱਤ ਦੀਆਂ ਨਿੱਕੀਆਂ-ਨਿੱਕੀਆਂ ਵਾਲੋਂ ਬਰੀਕ ਕਿਰਨਾਂ ਵਾਂਗ ਪਤਲੀਆਂ ਸੂਖਮ ਜੜ੍ਹਾਂ, ਨਿਰੰਕਾਰ-ਕਰਤਾਰ ਅਕਾਲ ਵਿਚ ਕਿਵੇਂ ਨਾ ਕਿਵੇਂ ਗਡੀਜ ਜਾਣ, ਤਾਂ ਇਹ ਮਨੁਖਤਾ ਦੇ ਸੋਹਣੇ ਗਹਿਣੇ ਹਨ, ਬਸਤਰ ਹਨ, ਹਥਿਆਰ ਹਨ, ਚਾਕਰ ਹਨ ਤੇ ਸਾਹਿਬ ਹਨ। ਨਹੀਂ ਤਾਂ ਅੱਗ ਦੀਆਂ ਲਾਟਾਂ ਹਨ। ਆਦਮੀ ਦੇ ਸਾਰੇ ਅੰਦਰਲੇ ਰੰਗ, ਦੁਖ ਦੀ ਅੱਗ, ਇਨ੍ਹਾਂ ਪੰਜਾਂ ਨੇ ਬਾਲੀ ਹੋਈ ਹੈ।

ਬਹੁੰ ਕਰਕੇ ਸਭ ਸੰਸਕਾਰ ਦੇ ਦੁਖ, ਇਨ੍ਹਾਂ ਦਾ ਮਚਾਯਾ ਭੜਥੂ ਹੈ। ਇਨ੍ਹਾਂ ਦੀ ਚਾਕਰੀ ਵਿਚ ਤਾਂ ਉਹ ਸੁਖ ਹੈ ਨਹੀਂ ਜੋ ਸ਼ਾਹ ਬਹਿਲੋਲ ਜੈਸੇ ਸਿਮਰਨ ਵਾਲੇ ਸਾਧੂ ਦੇ ਹੱਕ ਦੀ 'ਛੋਹ' ਵਿਚ ਹੈ। ਉਹ ਠੰਢ ਪੈਂਦੀ ਨਹੀਂ, ਜਿਸ ਨੂੰ ਛਾਤੀ ਵਿਚ ਰਖ ਕੇ ਪ੍ਰਹਿਲਾਦ ਅੱਗ ਵਿਚ ਬਹਿ ਸਕਦਾ ਸੀ ਤੇ ਤੱਤੇ ਥੰਮ ਨੂੰ ਜੱਫੀ ਪਾ ਸਕਦਾ ਸੀ। ਠੰਢ ਵਿਚ ਸਿਦਕ ਆਉਂਦਾ ਹੈ,

ਅੱਗ ਵਿਚ ਕੀ ਸਿਦਕ ? ਕੀ ਈਮਾਨ ? ਸੋ ਸੰਸਾਰ ਜਲੰਦਾ, ਆਪਣੀ ਬਾਲੀ ਹੋਈ ਅੱਗ ਬੁਝਾਣ ਨੂੰ ਦੀਨਾਂ-ਮਜ਼ਹਬਾਂ ਵੱਲ ਦੌੜਿਆ। ਏਹ ਉਥੇ ਵੀ ਜਾ ਸੜਦੇ ਹਨ, ਮਜ਼ਹਬ ਨੂੰ ਵੀ ਇਨ੍ਹਾਂ ਨੇ ਅੱਗ ਲਾ ਦਿਤੀ, ਉਹ ਅੰਦਰ ਜੋ ਅੱਗ ਲੱਗੀ ਸੀ, ਜਿਥੇ ਗਿਆ ਉਥੇ ਹੋਰ ਵਧੀ, ਸਾੜ ਬੁਝੀ ਨਾ, ਠੰਢ ਪਈ ਨਾ, ਉਹ ਠੰਢ ਕਿਥੇ ਹੈ ? ਭਰਮਾਂ, ਵਹਿਮਾਂ, ਮਜ਼ਹਬਾਂ ਦੇ ਫ਼ਸਾਦਾਂ, ਜੰਗਾਂ, ਧੜੇਬਾਜੀਆਂ, ਅਹੰਕਾਰ ਦੇ ਵਲਵਲਿਆਂ, ਮਨ ਸੰਤੁਸ਼ਟੀਆਂ, ਮਨ ਘੜੇ ਅਸੂਲਾਂ, ਮਨ ਪਰਚਾਵਿਆਂ ਆਦਿ ਦੇ ਜਾਲਾਂ ਵਿਚ ਤਾਂ ਜ਼ਹਿਰ ਇੰਨਾ ਚੜ੍ਹਦਾ ਹੈ, ਕਿ ਭੰਗੀਆਂ-ਪੋਸਤੀਆਂ ਵਾਂਗ ਲੋਕੀਂ ਮਜ਼ਹਬ ਦੇ ਅਸੂਲਾਂ ਤੇ ਸ਼ਰੀਅਤਾਂ ਵਿਚ ਪੈ ਮਰ ਜਾਂਦੇ ਹਨ। ਕੋਈ ਬੇਹੋਸ਼ ਹੋ ਜਾਂਦੇ ਹਨ। ਪਤਾ ਨਹੀਂ ਇਉਂ ਕਿਉਂ ਸੰਸਾਰ ਜਲ ਰਿਹਾ ਹੈ। 'ਅੱਗਾਂ'—ਦਿਲਾਂ, ਸ਼ਹਿਰਾਂ, ਮੁਲਕਾਂ ਨੂੰ ਲਗੀਆਂ ਹੋਈਆਂ ਹਨ, ਆਪਾ ਧਾਪੀ ਪਈ ਹੋਈ ਹੈ, 'ਸ਼ੋਰ'-ਕੂੜ੍ਹ ਤ੍ਰਿਸ਼ਨਾ ਮਾਰ ਰਿਹਾ ਹੈ, ਏਹ ਆਪਣੀ ਹੱਥੀਂ ਲਾਈਆਂ ਹੋਈਆਂ ਅੱਗਾਂ ਹਨ। ਇਸ ਅੱਗ ਵਿਚ ਕੋਈ ਰੱਬ ਦਾ ਬੰਦਾ 'ਕੋਟਨ ਮੈ ਕੋਊ' ਠੰਢਾ ਹੈ, ਉਹ ਅੱਗ ਵਿਚ ਬੈਠਾ ਠੰਢਾ ਹੈ, ਅੱਗ ਉਹਨੂੰ ਕੁਝ ਨਹੀਂ ਕਹਿੰਦੀ, ਉਹਦੇ ਸਿਰ ਤੇ ਲਾਲ ਸ਼ੋਅਲਿਆਂ ਦਾ ਤਾਜ ਬਣਾ ਕੇ ਅੱਗ ਕੁਰਬਾਨ ਹੁੰਦੀ ਹੈ।

ਠੰਢੀ ਸੁਰਤ, ਅੰਦਰ ਆਪੇ ਵਿਚ ਕੱਠੀ ਹੋਈ ਸੁਰਤ, ਇਕ ਨੁਕਤਾ ਹੈ, ਜਿਹੜਾ ਹੱਥ ਨਹੀਂ ਆਉਂਦਾ! 'ਇਕ ਨੁਕਤੇ ਵਿਚ ਗੱਲ ਮੁਕਤੀ ਹੈ'।

ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥ (ਪੰਨਾ-੪੬੭)

ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ, ਇਸ ਆਪਣੇ ਅੰਦਰ ਦੇ ਕੇਂਦਰ ਦੀ ਪ੍ਰਾਪਤੀ ਲਈ ਹਥਿਆਰ ਹਨ ਪਰ ਇਹਨਾਂ ਦੀਆਂ ਖਾਹਸ਼ਾਂ ਦੇ ਫੈਲਾਉ ਨੇ ਕਿੰਨੀ ਅੱਗ ਮਚਾ ਰੱਖੀ ਹੈ!

ਲੋਕ ਇਸ ਪਰਲੋ, ਕਿਆਮਤ, ਦੁਨਿਆਵੀ ਅੰਤ ਦੀ ਬਾਬਤ ਜਾਨਣ ਲਈ, ਬੜੇ ਉਤਾਵਲੇ ਹਨ ਤੇ ਪੁਛ ਗਿੱਛ ਕਰਦੇ ਫਿਰਦੇ ਹਨ, ਤੇ ਭਵਿੱਖ ਬਾਣੀ ਜਾਂ ਜੋਤਸ਼ ਦੀ ਘੋਖ ਕਰਦੇ ਹਨ। ਇਨ੍ਹਾਂ ਭੋਲੇ ਲੋਕਾਂ ਨੂੰ ਇਹ ਸੋਝੀ ਨਹੀਂ ਆਉਂਦੀ ਕਿ ਅਸੀਂ ਇਨਸਾਨਾਂ ਨੇ ਆਪਣੇ ਆਪ, ਆਪਣੇ ਹਿਰਦਿਆਂ ਵਿਚ ਜ਼ਹਿਰੀਲੇ ਖਿਆਲਾਂ ਦੇ ਬੀਜ ਬੀਜੇ ਹਨ ਤੇ ਗਲਤ ਕਰਮਾਂ ਦੁਆਰਾ ਪਾਪ ਕਰਕੇ ਆਪਣੇ ਆਪ ਹੀ ਗੁੱਝੀ ਅੱਗ ਮਚਾਈ ਹੋਈ ਹੈ। ਅਸੀਂ ਇਸ ਨੂੰ ਦਿਨ-ਰਾਤ ਵਧਾਉਂਦੇ, ਮਘਾਉਂਦੇ ਰਹਿੰਦੇ ਹਾਂ ਤੇ ਇਸ ਦੀਆਂ ਜ਼ਹਿਰੀਲਿਆਂ ਕਿਰਨਾਂ ਪੁਲਾੜ ਵਿਚ ਭਰ-ਭਰ ਕੇ ਆਪਣੀ ਤੇ ਸਾਰੀ ਕਾਇਨਾਤ ਦੀ ਤਬਾਹੀ ਦਾ ਕਰਣ ਬਣ ਰਹੇ ਹਾਂ। ਦੂਜੇ ਲਫ਼ਜ਼ਾਂ ਵਿਚ, ਆਉਣ ਵਾਲੀ 'ਪਰਲੋ ਜਾਂ ਕਿਆਮਤ' ਦੇ ਵਰਤਣ ਦੇ ਅਸੀਂ ਆਪ ਜ਼ਿੰਮੇਵਾਰ ਹਾਂ। 'ਪਾਪੀ ਕੇ ਮਾਰਨੇ ਕੋ ਪਾਪ ਮਹਾਂਬਲੀ ਹੈ'।

500 ਸਾਲ ਪਹਿਲਾਂ ਗੁਰੂ ਬਾਬੇ ਨੇ ਕਲਜੁਗ ਦਾ ਭਿਆਨਕ ਵਰਤਾਰਾ ਵੇਖ ਕੇ ਸਾਨੂੰ ਇਹ ਤਾੜਨਾ ਕੀਤੀ ਸੀ—

ਅਬ ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥

ਅਨ ਰੂਤਿ ਨਾਹੀ ਨਾਹੀ ॥ ਮਤੁ ਭਰਮਿ ਭੂਲਹੁ ਭੂਲਹੁ ॥ (ਪੰਨਾ-੧੧85)

ਇਸ ਵਿਸ਼ੇ ਤੇ ਕਿਸੇ ਭਵਿੱਖ ਬਾਣੀ ਜਾਂ ਜੋਤਸ਼ ਦੀ ਲੋੜ ਨਹੀਂ।

'ਜੋ ਮੈ ਕੀਆ ਸੋ ਮੈ ਪਾਇਆ' ਦੇ ਅਟੱਲ ਅਸੂਲ ਅਨੁਸਾਰ ਸਾਡੇ ਜ਼ਹਿਰੀਲੇ ਖਿਆਲਾਂ ਤੇ ਪਾਪਾਂ ਦਾ ਫਲ 'ਤਬਾਹੀ', ਅਵੱਸ਼ ਤੇ ਅਟੱਲ ਹੈ।

ਸਾਡੀ ਅਗਿਆਨਤਾ ਤੇ ਭਰਮ ਦੂਰ ਕਰਨ ਲਈ, ਤੇ ਸਾਨੂੰ ਨੀਵੇਂ ਖਿਆਲਾਂ, ਕਰਮਾਂ ਤੇ ਪਾਪਾਂ ਤੋਂ ਬਚਾਉਣ ਲਈ, ਆਦਿ ਤੋਂ ਅਨੇਕਾਂ ਪੀਰ, ਪੈਗੰਬਰ, ਔਲੀਏ, ਰਿਸ਼ੀ-ਮੁਨੀ, ਗੁਰੂ-ਅਵਤਾਰ ਆਏ ਤੇ ਆਪੋ-ਆਪਣੇ ਧਰਮਾਂ ਦੀ ਰਚਨਾ ਕਰਕੇ ਖਲਕਤ ਨੂੰ ਉਤਮ ਉਪਦੇਸ਼ਾਂ ਦੁਆਰਾ ਉੱਚੇ-ਸੁੱਚੇ ਜੀਵਨ ਦੀ ਸੇਧ ਦਿੰਦੇ ਰਹੇ। ਅਗਿਆਨਤਾ ਦੇ ਭਰਮ ਵਿਚੋਂ ਕੱਢ ਕੇ ਮਾਇਕੀ ਅੱਗ ਤੋਂ ਬਚਣ ਦਾ ਸਾਧਨ ਦੱਸਣ ਲਈ ਤੇ ਉੱਚੇ ਦੈਵੀ ਗੁਣ ਗ੍ਰਹਿਣ ਕਰਨ ਲਈ ਧਰਮ ਰਚੇ ਗਏ ਸੀ, ਪਰ ਹੁਣ ਧਰਮਾਂ ਨੂੰ ਹੀ—

ਈਰਖਾ-ਦਵੈਤ<br>
ਵੈਰ-ਵਿਰੋਧ<br>
ਨਫ਼ਰਤ<br>
ਲੜਾਈ-ਝਗੜੇ<br>
ਲਬ-ਲੋਭ<br>
ਪਾਖੰਡ<br>
ਹੰਕਾਰ<br>
ਰਾਜਨੀਤੀ

ਦੀ ਮਾਇਕੀ ਅੱਗ ਲੱਗ ਗਈ ਹੈ! ਤਾਂ ਖਲਕਤ ਦਾ ਬਚਾਉ ਕੌਣ ਕਰੇ ? ਪਾਣੀ ਅੱਗ ਨੂੰ ਬੁਝਾਉਂਦਾ ਹੈ, ਪਰ ਜੇ ਪਾਣੀ ਨੂੰ ਹੀ ਅੱਗ ਲਗ ਜਾਵੇ ਤਾਂ ਅੱਗ ਕੌਣ ਬੁਝਾਵੇ ?

ਬਾਹਰਿ ਕੀ ਅਗਨਿ ਜਯੋਂ ਬੁਝੈ ਜਲ ਸਰਿਤਾ ਕੈ<br>
ਨਾਉ ਮੈ ਜਉ ਆਗ ਲਾਗੈ ਕੈਸੇ ਕੈ ਬੁਝਾਈਐ ।<br>
ਬਾਹਰਿ ਸੈ ਭਾਗਿ ਓਟ ਲੀਜੀਅਤ ਕੋਟ ਗੜ<br>
ਗੜ ਮੈ ਜੌ ਲੂਟ ਲੀਜੈ ਕਹੋ ਕਤ ਜਾਈਐ ।<br>
ਚੋਰਨ ਕੈ ਤ੍ਰਾਸ ਜਾਏ ਸਰਨ ਨਰਿੰਦ ਗਹੈ<br>
ਮਾਰੈ ਮਹੀਪਤਿ ਜੀਉ ਕੈਸੇ ਕੈ ਬਚਾਈਐ ।<br>
ਮਾਯਾ ਡਰ ਡਰਪਤ ਹਾਰ ਗੁਰ ਦੁਆਰੇ ਜਾਵੈ<br>
ਤਹਾਂ ਜੋ ਬਿਆਪੈ ਮਾਯਾ ਕਹਾਂ ਠਹਿਰਾਈਐ । (ਕਾ. ਭਾ. ਗੁ. 544)

ਸਾਡੇ ਪਾਪਾਂ ਤੇ ਗਿਲਾਨੀ ਦੀ ਅਤਿ ਹੋ ਚੁਕੀ ਹੈ, ਜੇਕਰ ਤਬਾਹੀ ਅਥਵਾ ਕਯਾਮਤ ਦਾ

ਜਵਾਲਾਮੁਖੀ ਅਜੇ ਨਹੀਂ ਫੁਟਿਆ ਤਾਂ ਇਸ ਦਾ ਇਹੀ ਕਾਰਨ ਹੈ, ਕਿ ਵਿਰਲੇ ਗੁਰਮੁਖਾਂ, ਬਖਸ਼ੀਆਂ ਹੋਈਆਂ, ਨਾਮ-ਅਭਿਆਸੀ ਰੂਹਾਂ ਦੇ ਅੰਤ੍-ਆਤਮੇ ਵਿਚੋਂ ਦਇਆ, ਖਿਮਾ, ਰਸ, ਸ਼ਰਧਾ-ਭਾਵਨੀ ਦੀਆਂ ਅਰਦਾਸਾਂ ਜ਼ਬਰਦਸਤ ਆਤਮਿਕ ਕਿਰਨਾਂ (Divine Rays) ਪੁਲਾੜ ਵਿਚ ਫੈਲ ਕੇ, ਸਾਡੀ ਮਚਾਈ ਹੋਈ ਜ਼ਹਿਰੀਲੀ ਅੱਗ ਨੂੰ ਪ੍ਰਭਾਵ ਹੀਣ (neutral) ਕਰ ਰਹੀਆਂ ਹਨ।

ਗੁਰਬਾਣੀ ਵਿਚ ਭੀ ਗੁਰੂ ਸਾਹਿਬਾਂ ਨੇ ਸੜਦੀ-ਬਲਦੀ ਦੁਨੀਆਂ ਤੇ ਤਰਸ ਕਰਕੇ ਇਉਂ ਅਰਦਾਸ ਕੀਤੀ ਹੈ—

ਜਗਤ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥ (ਪੰਨਾ-853)

ਗੁਰੂ ਬਾਬੇ ਨੇ, ਆਪੂੰ ਬਾਲੀ ਇਸ ਅੱਗ ਤੋਂ ਬਚਣ ਦੇ ਸਾਨੂੰ ਬੜੇ ਸੋਹਣੇ ਨੁਸਖੇ ਦਸੇ ਹਨ—

ਮਨ ਮੇਰੇ ਗਹੁ ਹਰਿ ਨਾਮ ਕਾ ਓਲਾ ॥
ਤੁਝੈ ਨ ਲਾਗੈ ਤਾਤਾ ਝੋਲਾ ॥ (ਪੰਨਾ-੧੭੯)

ਏਹੁ ਜਗੁ ਜਲਤਾ ਦੇਖਿ ਕੈ ਭਜਿ ਪਏ ਹਰਿ ਸਰਣਾਈ ਰਾਮ ॥ (ਪੰਨਾ-੫੭੧)

ਕਲਿ ਤਾਤੀ ਠਾਂਢਾ ਹਰਿ ਨਾਉ ॥
ਸਿਮਰਿ ਸਿਮਰਿ ਸਦਾ ਸੁਖ ਪਾਉ॥ (ਪੰਨਾ-੨88)

ਆਤਸ ਦੁਨੀਆ ਖੁਨਕ ਨਾਮੁ ਖੁਦਾਇਆ ॥ (ਪੰਨਾ-੧੨੯੧)

ਜਿੰਨਾ ਚਿਰ ਅਸੀਂ ਗੁਰੂ ਬਾਬਾ ਜੀ ਦੇ ਇਨ੍ਹਾਂ ਤੱਤ ਉਪਦੇਸ਼ਾਂ ਤੇ ਅਮਲ ਨਹੀਂ ਕਰਦੇ, ਸ੍ਰਿਸ਼ਟੀ ਦਾ ਇਸ 'ਅੰਦਰਲੀ ਜ਼ਹਿਰੀਲੀ ਅੱਗ' ਤੇ ਇਸ ਦੇ ਲਾਵੇ ਨਾਲ ਸੜ ਤੇ ਤਬਾਹ ਹੋਣਾ ਲਾਜ਼ਮੀ ਤੇ ਅਟੱਲ ਹੈ।

'ਪਾਪੀ ਕੇ ਮਾਰਨੇ ਕੋ ਪਾਪ ਮਹਾਂ ਬਲੀ ਹੈ'।